# 7
# ਯਿਸੂ ਦੀ ਕਲੀਸੀਆ: ਸਿਰਲੇਖ

ਤੁਹਾਡਾ ਬਪਤਿਸਮਾ ਹੁੰਦੇ ਹੀ ਪ੍ਰਭੂ ਤੁਹਾਨੂੰ ਆਪਣੀ ਕਲੀਸੀਆ ਵਿਚ ਮਿਲਾ ਲਵੇਗਾ। ਉਸ ਦੇ ਬਾਅਦ ਤੁਹਾਨੂੰ ਪ੍ਰਭੂ ਦੀ ਕਲੀਸੀਆ ਦੇ ਇਕ ਮੈਂਬਰ ਦੇ ਤੌਰ ਤੇ ਕੰਮ ਕਰਨਾ ਹੋਵੇਗਾ। ਅੱਜ ਬਹੁਤ ਸਾਰੀਆਂ ਕਲੀਸੀਆਵਾਂ ਪਾਈਆਂ ਜਾਂਦੀਆਂ ਹਨ,[1] ਇਸ ਲਈ ਯਿਸੂ ਦੀ ਕਲੀਸੀਆ ਨੂੰ ਪਛਾਣਨਾ ਸੌਖਾ ਕੰਮ ਨਹੀਂ ਹੈ। ਅਗਲੇ ਕੁਝ ਪਾਠਾਂ ਵਿਚ ਅਸੀਂ ਨਵੇਂ ਨੇਮ ਵਿਚ ਦੱਸੀਆਂ ਕਲੀਸੀਆਵਾਂ ਦੀਆਂ ਵਿਸ਼ੇਸ਼ਤਾਵਾਂ ਦਾ ਅਧਿਐਨ ਕਰਾਂਗੇ। ਹਰ ਧਾਰਮਿਕ ਸੰਗਠਨ ਦਾ ਮੁਲਾਂਕਣ ਉਨ੍ਹਾਂ ਵਿਸ਼ੇਸ਼ਤਾਵਾਂ ਦੀ ਰੌਸ਼ਨੀ ਵਿਚ ਹੋਣਾ ਜ਼ਰੂਰੀ ਹੈ।

ਸਮਾਂ ਅਤੇ ਸਥਾਨ ਹਰ ਵਿਸ਼ਸ਼ੇਤਾ ਦਾ ਬਰੀਕੀ ਨਾਲ ਅਧਿਐਨ ਕਰਨ ਦੀ ਇਜਾਜ਼ਤ ਨਹੀਂ ਦੇਵੇਗਾ। ਤੁਹਾਡੇ ਮਨ ਵਿਚ ਸਵਾਲ ਉੱਠਣਗੇ। ਉਨ੍ਹਾਂ ਨੂੰ ਤੁਸੀਂ ਲਿਖ ਲਵੋ ਅਤੇ ਜਿਹਨੇ ਤੁਹਾਨੂੰ ਇਹ ਕਿਤਾਬ ਦਿੱਤੀ ਹੈ ਉਸਨੂੰ ਦੱਸੋ। ਇਨ੍ਹਾਂ ਵਿੱਚੋਂ ਕਿਸੇ ਵੀ ਵਿਸ਼ੇ ਤੇ ਤੁਹਾਡੇ ਨਾਲ ਵਿਸਤਾਰ ਨਾਲ ਅਧਿਐਨ ਕਰਨ ਤੇ ਉਹਨੂੰ ਖ਼ੁਸ਼ੀ ਹੋਵੇਗੀ।

ਪਹਿਲਾਂ ਅਸੀਂ ਬਾਈਬਲ ਵਿਚ ਦਿੱਤੇ ਨਾਂਵਾਂ ਤੇ ਵਿਚਾਰ ਕਰਦੇ ਹਾਂ। ਅਸੀਂ ਵੇਖਾਂਗੇ ਕਿ ਕੁੱਲ ਮਿਲਾ ਕੇ ਬਾਈਬਲ ਵਿਚ ਕਲੀਸੀਆ ਨੂੰ ਕਿਵੇਂ ਸੰਬੋਧਿਤ ਕੀਤਾ ਗਿਆ ਹੈ, ਫਿਰ ਕਲੀਸੀਆ ਦੇ ਇਕ ਇਕ ਮੈਂਬਰ ਨੂੰ ਕੀ ਨਾਮ ਦਿੱਤੇ ਗਏ ਹਨ।

## ਸਿਰਲੇਖ: ਪਿਛੋਕੜ

ਖ਼ਾਸ ਨਾਂਵਾਂ ਉੱਤੇ ਵਿਚਾਰ ਕਰਨ ਤੋਂ ਪਹਿਲਾਂ ਮੈਂ ਪਿਛੋਕੜ ਬਾਰੇ ਕੁਝ ਕਹਿਣਾ ਚਾਹੁੰਦਾ ਹਾਂ। ਪਹਿਲਾਂ, ਧਿਆਨ ਦਿਓ ਕਿ ਮੈਂ ''ਨਾਂਵਾਂ'' ਦੀ ਬਜਾਏ ''ਸਿਰਲੇਖ'' ਦੀ ਵਰਤੋਂ ਕਰਦਾ ਹਾਂ। ਇਹ ਮੈਂ ਇਸ ਲਈ ਕਰਦਾ ਹਾਂ ਕਿਉਂਕਿ ਨਵੇਂ ਨੇਮ ਵਿਚ ਕਲੀਸੀਆ ਨੂੰ ਕੋਈ ਵਿਅਕਤੀਵਾਚਕ ਸੰਗਿਆ ਜਾਂ ਨਾਉਂ ਨਹੀਂ ਦਿੱਤਾ ਗਿਆ।

''ਸਿਰਲੇਖ'' ਅਤੇ ''ਨਾਮ'' ਵਿਚ ਕੀ ਫ਼ਰਕ ਹੈ? ਤੁਸੀਂ ਇਸ ਵਕਤ ਜ਼ਰੂਰ ਕਿਤੇ ਬੈਠ ਕੇ ਪੜ੍ਹ ਰਹੇ ਹੋਵੋਗੇ। ਆਪਣੀ ਗੱਲ ਨੂੰ ਸਮਝਾਉਣ ਲਈ ਮੰਨ ਲੈਂਦੇ ਹਾਂ ਕਿ ਤੁਸੀਂ ਇਕ ਕੁਰਸੀ ਉੱਤੇ ਬੈਠੇ ਹੋਏ ਹੋ। ਜੇ ਤੁਸੀਂ ਇਹਨੂੰ ''ਕੁਰਸੀ'' (ਜਾਂ ''ਗੱਦੀ'' ਜਾਂ ਕੁਝ ਹੋਰ ਮਿਲਦਾ ਜੁਲਦਾ ਸ਼ਬਦ) ਕਹਿੰਦੇ ਹੋ, ਤਾਂ ਤੁਸੀਂ ਸਿਰਫ਼ ਉਹੀ ਕਹਿ ਰਹੇ ਹੋ ਜੋ ਇਹ *ਹੈ।* ਇਹ ਇਹਦੀ ਵਿਆਖਿਆ ਕਰਨ ਵਾਲਾ ਸ਼ਬਦ ਹੈ; ਇਹਦਾ ਸਿਰਲੇਖ ਜਾਂ ਪਦਸੰਗਿਆ ਹੈ। ਪਰ ਤੁਸੀਂ ਇਹਨੂੰ ਨਾਮ ਦੇਣ ਦਾ ਫ਼ੈਸਲਾ ਵੀ ਕਰ ਸਕਦੇ ਹੋ। [''ਕੁਰਸੀ'' ਕਿਸੇ ਅਹੁਦੇ ਲਈ ਵੀ ਵਰਤਿਆ ਜਾ ਸਕਦਾ ਹੈ-ਅਨੁਵਾਦਕ।]

ਇਹ ਸੱਚ ਹੈ ਕਿ ਮੇਰੀ ਉਦਾਰਹਣ ਇਨੀ ਵਧੀਆ ਨਹੀਂ ਹੈ, ਪਰ ਮੈਂ ਤੁਹਾਨੂੰ ਇਹ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ ਕਿ ਨਵਾਂ ਨੇਮ ਕਲੀਸੀਆ ਲਈ ਸਿਰਫ਼ ਸਿਰਲੇਖਾਂ ਦੀ ਵਰਤੋਂ ਕਰਦਾ ਹੈ, ਨਾਂਵਾਂ ਦੀ ਨਹੀਂ। ਕਲੀਸੀਆ ਦੇ ਸਬੰਧ ਵਿਚ ਵਰਤੇ ਸਾਰੇ ਸ਼ਬਦਾਂ ਤੋਂ ਸਿਰਫ਼ ਇਹੀ ਪਤਾ ਲਗਦਾ ਹੈ ਕਿ ਇਹ *ਕੀ ਹੈ।*

ਇਹ ਸੱਚ ਹੈ, ਇਸ ਲਈ ਪ੍ਰਭੂ ਦੀ ਕਲੀਸੀਆ ਵਿਚ ਜਦ ਵੀ ''ਚਰਚ ਜਾਂ ਕਲੀਸੀਆ'' ਦੀ ਵਰਤੋਂ ਕਰਨੀ ਹੁੰਦੀ ਹੈ ਤਾਂ ਮੈਂ ਅੰਗ੍ਰੇਜ਼ੀ ਦੇ ਛੋਟੇ ''c'' ਦੀ ਹੀ ਵਰਤੋਂ ਕਰਦਾ ਹਾਂ।[2] ਮੇਰੀ ਕੋਸ਼ਿਸ਼ ਇਸ ਨੂੰ ਕੋਈ ਬਹਿਸ ਦਾ ਮੁੱਦਾ ਬਣਾਉਣਾ ਨਹੀਂ ਹੈ[3] ਸਗੋਂ ਮੈਂ ਇਹ ਜ਼ੋਰ ਦੇਣਾ ਚਾਹੁੰਦਾ ਹਾਂ ਕਿ ਮੈਂ ਸਿਰਲੇਖ ਦੀ ਵਰਤੋਂ ਕਰ ਰਿਹਾ ਹਾਂ, ਖ਼ਾਸ ਨਾਮ ਦੀ ਨਹੀਂ।

ਦੂਸਰਾ, ਆਮ ਤੌਰ ਤੇ, ਕਲੀਸੀਆ ਲਈ ਸਿਰਲੇਖਾਂ ਨਾਲ ਮਸੀਹ ਅਤੇ ਉਹਦੇ ਪਿਤਾ ਦੀ ਵਡਿਆਈ ਹੁੰਦੀ ਹੈ। ਪ੍ਰਮੇਸ਼ਵਰ ਨੇ ਯਿਸੂ ਨੂੰ ''ਉਹ ਨਾਮ ਦਿੱਤਾ ਜਿਹੜਾ ਸਭਨਾਂ ਨਾਮਾਂ ਤੋਂ ਉੱਤਮ ਹੈ'' (ਫਿਲਿੱਪੀਆਂ 2:9)। ਡਿਨੋਮਿਨੇਸ਼ਨਾਂ ਦੇ ਨਾਂ ਆਮ ਤੌਰ ਤੇ ਡਿਨੋਮਿਨੇਸ਼ਨ ਦੀ ਕਿਸੇ ਖ਼ਾਸ ਗੱਲ ਨੂੰ ਜਿਵੇਂ ਕਿ ਉਹਦੇ ਮੋਢੀ, ਜਾਂ ਕਿਸੇ ਸਿੱਖਿਆ ਨੂੰ ਵਡਿਆਈ ਦਿੰਦੇ ਪ੍ਰਤੀਤ ਹੁੰਦੇ ਹਨ। ਸਿਰਫ਼ ਪ੍ਰਭੂ ਨੂੰ ਹੀ ਵਡਿਆਈ ਦਿੱਤੀ ਜਾਣੀ ਚਾਹੀਦੀ ਹੈ। ਪਤਰਸ ਨੇ ਕਿਹਾ ਸੀ ਕਿ ''ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ'' (ਰਸੂਲਾਂ ਦੇ ਕੰਮ 4:12)।

## ਸਿਰਲੇਖ: ਸੰਪੂਰਣ ਤੌਰ ਤੇ

ਇਸ ਸਭ ਨੂੰ ਧਿਆਨ 'ਚ ਰੱਖਦਿਆਂ ਆਓ ਪਹਿਲਾਂ ਪੂਰਣ ਤੌਰ ਤੇ ਕਲੀਸੀਆ ਦੇ ਸਿਰਲੇਖਾਂ ਨੂੰ ਵੇਖੀਏ। ਨਵੇਂ ਨੇਮ ਵਿਚ ਕਲੀਸੀਆ ਨੂੰ ਆਮ ਤੌਰ ਤੇ ''ਕਲੀਸੀਆ'' ਹੀ ਕਿਹਾ ਗਿਆ ਹੈ (ਰਸੂਲਾਂ ਦੇ ਕੰਮ 5:11; 8:1, 3; 9:31; 11:22, 26)। ਇਸ ਲਈ ਆਪਣੇ ਲੇਖ ਅਤੇ ਸਿੱਖਿਆ ਵਿਚ ਆਮ ਤੌਰ ਤੇ ਮੈਂ ''ਕਲੀਸੀਆ'' ਨੂੰ ਕਲੀਸਿਆ ਹੀ ਕਹਿੰਦਾ ਹਾਂ।

ਕਿਤੇ ਕਿਤੇ, ਪਵਿੱਤਰ ਲਿਖਤ ਵਿਚ ਕਲੀਸੀਆ ਲਈ ਵਿਆਖਿਆਤਮਕ ਵਾਕਾਂਸ਼ਾਂ ਦੀ ਵਰਤੋਂ ਕੀਤੀ ਗਈ ਹੈ। ਉਦਾਹਰਣ ਲਈ, ਪੌਲੁਸ ਨੇ ਕਲੀਸੀਆ ਨੂੰ ''ਪ੍ਰਮੇਸ਼ਵਰ ਦੀ ਕਲੀਸੀਆ'' (ਰਸੂਲਾਂ ਦੇ ਕੰਮ 20:28; ASV ਵਿਚ ''ਪ੍ਰਭੂ ਦੀ ਕਲੀਸੀਆ'') ਕਿਹਾ ਹੈ।[4] ਇਬਰਾਨੀਆਂ 12:23 ਵਿਚ ਕਲੀਸੀਆ ਨੂੰ ''ਪਲੌਠਿਆਂ ਦੀ ਕਲੀਸੀਆ''[5] ਕਿਹਾ ਗਿਆ ਹੈ। ਕਈ ਵਾਰ ''ਪ੍ਰਮੇਸ਼ਵਰ ਦੀ ਕਲੀਸੀਆ'' (1 ਕੁਰਿੰਥੀਆਂ 1:2; 15:9; 2 ਕੁਰਿੰਥੀਆਂ 1:1; ਗਲਾਤੀਆਂ 1:13; ਵੇਖੋ 1 ਤਿਮੋਥਿਉਸ 3:15) ਦੀ ਵਰਤੋਂ ਹੋਈ ਹੈ।

ਰੋਮੀਆਂ 16:16 ਵਿਚ ਪੌਲੁਸ ਨੇ ਆਪਣੇ ਇਲਾਕੇ ਵਿਚ ਕਈ ਮੰਡਲੀਆਂ ਦੀ ਗੱਲ ਕੀਤੀ, ਜਦ ਉਸ ਨੇ ਕਿਹਾ, ''ਮਸੀਹ ਦੀਆਂ ਸਾਰੀਆਂ ਕਲੀਸੀਆਵਾਂ ਤੁਹਾਡੀ ਸੁੱਖ ਸਾਂਦ ਪੁੱਛਦੀਆਂ ਹਨ।''[6] ''ਮਸੀਹ ਦੀਆਂ ਕਲੀਸੀਆਂਵਾਂ'' ਕਿਸੇ ਡਿਨੋਮਿਨੇਸ਼ਨ ਦਾ ਨਾਮ ਨਹੀਂ ਹੈ ਸਗੋਂ ਕਲੀਸੀਆ ਦੀ ਵਿਆਖਿਆ ਕਰਨ ਵਾਲਾ ਵਾਕਾਂਸ਼ ਹੈ। ''ਮਸੀਹ ਦੀ'' ਤੋਂ ਭਾਵ ਹੈ ''ਜੋ ਮਸੀਹ ਦਾ ਹੈ।'' ''ਮਸੀਹ ਦੀਆਂ ਕਲੀਸੀਆਵਾਂ'' ਦਾ ਅਰਥ ਹੈ ''ਉਹ ਕਲੀਸੀਆਵਾਂ ਜਿਹੜੀਆਂ ਮਸੀਹ ਦੀਆਂ ਹਨ।'' ਇਸੇ ਅਰਥ ਵਾਲਾ ਇਕ ਵਾਕਾਂਸ਼ ''ਮਸੀਹ ਦੀ ਕਲੀਸੀਆ'' ਹੈ [ਇਸ ਨੂੰ ਅੰਗ੍ਰੇਜ਼ੀ ਵਿਚ ''ਚਰਚ ਆਫ਼ ਕ੍ਰਾਈਸਟ'' ਕਿਹਾ ਜਾ ਸਕਦਾ ਹੈ]।[7] ''ਮਸੀਹ ਦੀ

ਕਲੀਸੀਆ,'' ''ਚਰਚ ਆਫ਼ ਕ੍ਰਾਈਸਟ'' ਜਾਂ ''ਮਸੀਹ ਦੀਆਂ ਕਲੀਸੀਆਵਾਂ'' ਸ਼ਬਦ ਦੀ ਵਰਤੋਂ ਕਰਨ ਤੇ ਮੇਰੇ ਕਹਿਣ ਤੋਂ ਭਾਵ ਉਹ ਕਲੀਸੀਆ ਜਾਂ ਕਲੀਸੀਆਵਾਂ ਹੁੰਦਾ ਹੈ ਜੋ ਮਸੀਹ ਦੀਆਂ ਹਨ।

## ਸਿਰਲੇਖ: ਨਿੱਜੀ ਤੌਰ ਤੇ

ਕਲੀਸੀਆ ਦੇ ਲੋਕਾਂ ਨੂੰ ਵਿਅਕਤੀਗਤ ਤੌਰ ਤੇ ਕਿਵੇਂ ਬੁਲਾਇਆ ਜਾਂਦਾ ਸੀ? ਵਿਅਕਤੀਗਤ ਤੌਰ ਤੇ ਮੈਂਬਰਾਂ ਨੂੰ ਬੁਲਾਉਣ ਲਈ ਨਵੇਂ ਨੇਮ ਵਿਚ ਕਈ ਤਰ੍ਹਾਂ ਦੇ ਸ਼ਬਦ ਹਨ। ਇਨ੍ਹਾਂ ਵਿੱਚੋਂ ਕੁਝ ਇਸ ਤਰ੍ਹਾਂ ਹਨ:

- ''ਭਾਈ''[8] ਅਤੇ ''ਭੈਣਾਂ'' (ਰਸੂਲਾਂ ਦੇ ਕੰਮ 6:3; 9:30; ਰੋਮੀਆਂ 16:1; ਯਾਕੂਬ 2:15)। ਇਨ੍ਹਾਂ ਸ਼ਬਦਾਂ ਦੀ ਵਰਤੋਂ ਬਹੁਤ ਹੀ ਆਮ ਹੈ। ਇਨ੍ਹਾਂ ਤੋਂ ਪਰਿਵਾਰਕ ਸਬੰਧ (ਰੂਹਾਨੀ ਪਰਿਵਾਰ) ਦਾ ਸੰਕੇਤ ਮਿਲਦਾ ਹੈ।
- ''ਸੰਤ'' (ਰੋਮੀਆਂ 1:7; 8:27; 12:13; 15:25)। ਇੱਥੇ ''ਸੰਤ'' ਤੋਂ ਭਾਵ ''ਪਾਪ ਤੋਂ ਰਹਿਤ'' ਨਹੀਂ ਸਗੋਂ ਵੱਖ ਕੀਤੇ ਹੋਏ ਲੋਕ ਹੈ।[9] ਬਪਤਿਸਮੇ ਸਮੇਂ ਪ੍ਰਮੇਸ਼ਵਰ ਮਸੀਹੀ ਵਿਅਕਤੀ ਨੂੰ ਆਪਣੇ ਖ਼ਾਸ ਲੋਕਾਂ ਦੇ ਰੂਪ ਵਿਚ ਵੱਖ ਕਰ ਲੈਂਦਾ ਹੈ (ਤੀਤੁਸ 2:14)।
- ''ਚੇਲਾ'' (ਰਸੂਲਾਂ ਦੇ ਕੰਮ 6:1, 2, 7; 9:1)। ਰਸੂਲਾਂ ਦੇ ਕੰਮ ਕਿਤਾਬ ਵਿਚ ਮਸੀਹ ਦੇ ਪੈਰੋਕਾਰਾਂ ਲਈ ਇਹ ਸਮਾਨਾਰਥਕ ਸ਼ਬਦ ਵਰਤਿਆ ਗਿਆ ਹੈ। ਇਸ ਸ਼ਬਦ ਦੀ ਵਰਤੋਂ ''ਪੈਰੋਕਾਰ'' ਜਾਂ ''ਸ਼ਗਿਰਦ''[10] ਲਈ ਹੁੰਦੀ ਹੈ।

ਕਲੀਸੀਆ ਦੇ ਲੋਕਾਂ ਲਈ ਵਿਲੱਖਣ ਸ਼ਬਦ ''ਮਸੀਹੀ'' ਹੈ। ਲੂਕਾ ਨੇ ਕਿਹਾ ਹੈ ਕਿ ''ਪਹਿਲਾਂ ਅੰਤਾਕੀਆ ਵਿਚ ਚੇਲੇ ਮਸੀਹੀ ਆਖਵਾਏ'' (ਰਸੂਲਾਂ ਦੇ ਕੰਮ 11:26)। ਪੌਲੁਸ ਵੱਲੋਂ ਅਗ੍ਰਿੱਪਾ ਨੂੰ ਵਚਨ ਸੁਣਾਉਣ ਤੇ ਉਸ ਰਾਜੇ ਨੇ ਕਿਹਾ ਸੀ, ''ਤੈਨੂੰ ਆਸ ਹੋਊਗੀ ਕਿ ਮੈਨੂੰ ਥੋੜੇ ਹੀ ਕੀਤੇ ਮਸੀਹੀ ਕਰ ਲਵੇਂ'' (ਰਸੂਲਾਂ ਦੇ ਕੰਮ 26:28)। ਪਤਰਸ ਨੇ ਲਿਖਿਆ ਹੈ, ''ਪਰ ਜੇ ਕੋਈ ਮਸੀਹੀ ਹੋਣ ਕਰਕੇ ਦੁੱਖ ਪਾਵੇ ਤਾਂ ਲੱਜਿਆਵਾਨ ਨਾ ਹੋਵੇ ਸਗੋਂ ਇਸ ਨਾਮ ਦੇ ਕਾਰਨ ਪ੍ਰਮੇਸ਼ਵਰ ਦੀ ਵਡਿਆਈ ਕਰੇ'' (1 ਪਤਰਸ 4:16)।

ਮੈਂ ਪਹਿਲਾਂ ਦੱਸਿਆ ਸੀ ਕਿ ਨਵੇਂ ਨੇਮ ਦੀਆਂ ਪਦ ਸੰਗਿਆਵਾਂ ਜਾਂ ਸਿਰਲੇਖਾਂ ਤੋਂ ਯਿਸੂ ਅਤੇ ਪ੍ਰਮੇਸ਼ਵਰ ਨੂੰ ਵਡਿਅਈ ਮਿਲਦੀ ਹੈ। ''ਮਸੀਹ'' ਸ਼ਬਦ ਤੋਂ ਇਹ ਸਪਸ਼ਟ ਹੋ ਜਾਂਦਾ ਹੈ ਕਿ ਇਕ ''ਮਸੀਹੀ'' ਦਾ ਦੋ ਤਿਹਾਈ ਤੋਂ ਵੱਧ ਭਾਗ ''ਮਸੀਹ'' ਹੀ ਹੈ।

''ਮਸੀਹੀ'' ਸ਼ਬਦ ਯੂਨਾਨੀ ਸ਼ਬਦ ਦਾ ਪੰਜਾਬੀਕਰਣ ਹੈ।[11] ਮੂਲ ਭਾਸ਼ਾ ਯੂਨਾਨੀ ਵਿਚ ''ਮਸੀਹ'' ਲਈ ਸ਼ਬਦ ਦੇ ਅਖੀਰ ਵਿਚ ਇਸ ਤਰ੍ਹਾਂ ਮਿਲਦਾ ਹੈ ਜਿਸ ਤੋਂ ਮਾਲਕੀ ਦਾ ਪਤਾ ਲਗਦਾ ਹੈ। ''ਮਸੀਹੀ'' ਦਾ ਸ਼ਬਦੀ ਅਰਥ ਹੈ ''ਜੋ ਮਸੀਹ ਦਾ ਹੈ।''

ਮਸੀਹੀ= ਜੋ ਮਸੀਹ ਦਾ ਹੈ

*ਨਿੱਜੀ* ਅਧਾਰ ਤੇ ਇਸ ਸ਼ਬਦ ਦਾ ਉਹੀ ਅਰਥ ਹੈ ਜੋ *ਸਮੂਹਕ* ਅਧਾਰ ਤੇ ''ਮਸੀਹ ਦੀ ਕਲੀਸੀਆ'' ਦਾ ਹੈ। ''ਮਸੀਹੀ'' ਤੋਂ ਭਾਵ ਉਹ ਵਿਅਕਤੀ ਹੈ ਜਿਸ ਦਾ ਸਬੰਧ ਯਿਸੂ ਮਸੀਹ ਨਾਲ ਹੈ ਅਰਥਾਤ ਉਹ ਮਸੀਹ ਦਾ ਹੈ, ਜਦ ਕਿ ''ਮਸੀਹ ਦੀ ਕਲੀਸੀਆ'' ਤੋਂ ਭਾਵ ਉਹ ਕਲੀਸੀਆ ਹੈ ਜੋ ਮਸੀਹ ਦੀ ਹੈ।

ਇਹ ਪੁੱਛੇ ਜਾਣ ਤੇ ਕਿ ਮੈਂ ਕਿਸ ਡਿਨੋਮਿਨੇਸ਼ਨ ਦਾ ਹਾਂ, ਮੇਰਾ ਜਵਾਬ ਹੁੰਦਾ ਹੈ, ''ਮੈਂ ਮਸੀਹੀ ਹਾਂ।'' ਕਈ ਵਾਰ ਜ਼ੋਰ ਦੇ ਕੇ ਫੇਰ ਪੁੱਛਿਆ ਜਾਂਦਾ ਹੈ: ''ਪਰ ਤੁਸੀਂ ਕਿਸ ਧਾਰਮਿਕ ਸੰਗਠਨ ਵਿਚ ਹੋ?'' ਮੈਂ, ਫੇਰ ਕਹਿੰਦਾ ਹਾਂ, ''ਮੈਂ ਓਸ ਕਲੀਸੀਆ ਵਿਚ ਹਾਂ ਜੋ ਮਸੀਹ ਦੀ ਹੈ'' ਯਾਨੀ ''ਮਸੀਹ ਦੀ ਕਲੀਸੀਆ'' ਜਾਂ ਅੰਗ੍ਰੇਜ਼ੀ ਵਿਚ ''ਚਰਚ ਆਫ਼ ਕ੍ਰਾਈਸਟ'' ਜਾਂ ''ਉਸ ਕਲੀਸੀਆ ਦਾ ਜਿਹੜੀ ਯਿਸੂ ਮਸੀਹ ਦੀ ਹੈ।'' ਹਰ ਵਾਰੀ ਮੈਂ ਆਪਣੇ ਪ੍ਰਭੂ ਨੂੰ ਹੀ ਵਡਿਆਈ ਦੇਣਾ ਚਾਹੁੰਦਾ ਹਾਂ।

## ਸਾਰ

ਮਨੁੱਖਾਂ ਦੁਆਰਾ ਦਿੱਤੇ ਨਾਵਾਂ ਨੂੰ ਅਪਨਾਉਣਾ ਧਾਰਮਿਕ ਫੁੱਟ ਵਿਚ ਯੋਗਦਾਨ ਪਾਉਣਾ ਹੈ। ਇਹ ਗੱਲ ਅਜ ਵੀ ਸੱਚ ਹੈ ਅਤੇ ਬਾਈਬਲ ਦੇ ਵਕਤ ਵੀ ਸੱਚ ਸੀ। ਪੌਲੁਸ ਦੁਆਰਾ ਕੁਰਿੰਥੁਸ ਦੀ ਕਲੀਸੀਆ ਨੂੰ ਲਿਖਣ ਸਮੇਂ, ਇਹ ਵੱਖੋ-ਵੱਖ ਗੁੱਟਾਂ ਵਿਚ ਵੰਡਣੀ ਸ਼ੁਰੂ ਹੋ ਗਈ ਸੀ:

> ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਾਮ ਦਾ ਵਾਸਤਾ ਦੇ ਕੇ ਮੈਂ ਤੁਹਾਡੇ ਅੱਗੇ ਬੇਨਤੀ ਕਰਦਾ ਹਾਂ ਕਿ ਤੁਸੀਂ ਸੱਭੇ ਇੱਕੋ ਗੱਲ ਬੋਲੋ ਅਤੇ ਤੁਹਾਡੇ ਵਿਚ ਫੋਟਕ ਨਾ ਪੈਣ ਸਗੋਂ ਇੱਕੋ ਮਨ ਅਤੇ ਇੱਕੋ ਵਿਚਾਰ ਵਿਚ ਪੂਰੇ ਹੋ ਜਾਵੋ। ਕਿਉਂ ਜੋ ਹੇ ਮੇਰੇ ਭਰਾਵੋ, ਕਲੋਏ ਦੇ ਘਰ ਦਿਆਂ ਕੋਲੋਂ ਤੁਹਾਡੇ ਵਿਖੇ ਮੈਨੂੰ ਪਤਾ ਲੱਗਾ ਹੈ ਕਿ ਤੁਹਾਡੇ ਵਿਚ ਬਖੇੜੇ ਹੁੰਦੇ ਹਨ। ਮੇਰਾ ਕਹਿਣਾ ਇਹ ਹੈ ਕਿ ਤੁਹਾਡੇ ਵਿੱਚੋਂ ਹਰੇਕ ਆਖਦਾ ਹੈ ਕਿ ''ਮੈਂ ਪੌਲੁਸ ਦਾ'' ਜਾਂ ''ਮੈਂ ਅਪੁੱਲੋਸ[12] ਦਾ'' ਜਾਂ ''ਮੈਂ ਕੇਫ਼ਾਸ[13] ਦਾ'' ਜਾਂ ''ਮੈਂ ਮਸੀਹ ਦਾ ਹਾਂ'' (1 ਕੁਰਿੰਥੀਆਂ 1:10-12)।

''ਪੌਲੁਸ ਦਾ'' ਅਤੇ ''ਅਪੁੱਲੋਸ ਦਾ'' ਵਰਗੇ ਵਾਕਾਂਸ਼ਾਂ ਤੋਂ ਉਨ੍ਹਾਂ ਦੀ ਮਲਕੀਅਤ ਦਾ ਪਤਾ ਲਗਦਾ ਹੈ-ਜਿਵੇਂ ਪਹਿਲਾਂ ਰੋਮੀਆਂ 16:16 ਦੀ ਗੱਲ ਕੀਤੀ ਗਈ ਸੀ। ਉਨ੍ਹਾਂ ਦਾ ਸ਼ਬਦੀ ਅਰਥ ਹੈ, ''ਮੈਂ ਪੌਲੁਸ ਦਾ ਹਾਂ,'' ''ਮੈਂ ਅਪੁੱਲੋਸ ਦਾ ਹਾਂ'' ਵਗੈਰਾ ਵਗੈਰਾ। ਅੱਜ ਅਸੀਂ ਇਸ ਨੂੰ ਇਸ ਤਰ੍ਹਾਂ ਕਹਾਂਗੇ, ''ਮੈਂ ਪੌਲੁਸ ਦੀ ਸਿੱਖਿਆ ਮੰਨਣ ਵਾਲਾ ਹਾਂ'' ਜਾਂ ''ਮੈਂ ਅਪੁੱਲੋਸ ਦੀ ਸਿੱਖਿਆ ਮੰਨਣ ਵਾਲਾ ਹਾਂ।'' ਪੌਲੁਸ ਨੇ ਆਪਣੀ ਪਛਾਣ ਇਸ ਤਰ੍ਹਾਂ ਵਿਖਾਉਣ ਵਾਲਿਆਂ ਨੂੰ ਇਹ ਕਹਿ ਕੇ ਸ਼ਰਮਿੰਦਾ ਕੀਤਾ, ''ਭਲਾ, ਮਸੀਹ ਵੰਡਿਆ ਹੋਇਆ ਹੈ?'' (1 ਕੁਰਿੰਥੀਆਂ 1:13)। ਮਨੁੱਖ ਦੇ ਪਾਪ ਲਈ ਸਿਰਫ਼ ਮਸੀਹ ਹੀ ਸਲੀਬ ਉੱਤੇ ਚੜ੍ਹਿਆ ਸੀ (1 ਕੁਰਿੰਥੀਆਂ 1:23)। ਵਿਸ਼ਵਾਸ ਕਰਨ ਵਾਲਿਆਂ ਨੂੰ ਮਸੀਹ ਦੇ ਨਾਮ ਵਿਚ ਹੀ ਬਪਤਿਸਮਾ ਦਿੱਤਾ ਜਾਂਦਾ ਹੈ (ਰਸੂਲਾਂ ਦੇ ਕੰਮ 2:38); ਇਸ ਲਈ, ਉਨ੍ਹਾਂ ਲਈ ਜ਼ਰੂਰੀ ਹੈ ਕਿ ਸਿਰਫ਼ ਓਸੇ ਦਾ ਨਾਂ ਹੀ ਅਪਨਾਉਣ।

ਮੈਨੂੰ ਗ਼ਲਤ ਨਾ ਸਮਝੋ: ਸਹੀ ਸਿਰਲੇਖ ਜਾਂ ਪਦਸੰਗਿਆ ਆਪਣੇ ਆਪ ਵਿਚ ਕਾਫ਼ੀ ਨਹੀਂ ਹੈ। ਮੈਂ ਆਪਣੀ ਕਾਰ ਤੇ ''ਮਰਸਡੀਜ਼ ਬੈਂਜ਼'' ਦਾ ਸਟਿੱਕਰ ਤਾਂ ਲਵਾ ਸਕਦਾ ਹਾਂ ਪਰ

ਇਸ ਨਾਲ ਇਹ ਮਰਸਡੀਜ਼ ਨਹੀਂ ਬਣ ਜਾਵੇਗੀ।[14] ਫਿਰ ਵੀ ਵਚਨ ਦੇ ਅਨੁਸਾਰ ਕੁਝ ਨਾਂ ਦਿੱਤਾ ਜਾਣਾ ਜਾਂ ਪਦਸੰਗਿਆ ਦਾ ਹੋਣਾ ਜ਼ਰੂਰੀ ਹੈ। ਯਾਦ ਰੱਖੋ ਕਿ ਪਤਰਸ ਨੇ ਮਸੀਹ ਦੇ ਨਾਮ ਬਾਰੇ ਕਿਹਾ ਸੀ, ''ਕਿਸੇ ਦੂਏ ਤੋਂ ਮੁਕਤੀ ਨਹੀਂ ਕਿਉਂ ਜੋ ਅਕਾਸ਼ ਦੇ ਹੇਠਾਂ ਮਨੁੱਖਾਂ ਵਿੱਚ ਕੋਈ ਦੂਜਾ ਨਾਮ ਨਹੀਂ ਦਿੱਤਾ ਗਿਆ ਜਿਸ ਤੋਂ ਅਸੀਂ ਬਚਾਏ ਜਾਣਾ ਹੈ'' (ਰਸੂਲਾਂ ਦੇ ਕੰਮ 4:12)। ਬਾਅਦ ਵਿਚ ਉਹਨੇ ਲਿਖਿਆ ਕਿ ਸਾਨੂੰ ਇਸ ਨਾਮ ਵਿਚ ''ਪ੍ਰਮੇਸ਼ਵਰ ਦੀ ਵਡਿਆਈ'' ਕਰਨੀ ਚਾਹੀਦੀ ਹੈ (1 ਪਤਰਸ 4:16)।

---

ਟਿੱਪਣੀਆਂ

[1]ਬਾਈਬਲ ਅਧਿਐਨ ਦੌਰਾਨ, ਅਕਸਰ ਮੈਨੂੰ ਪੁੱਛਿਆ ਜਾਂਦਾ ਹੈ ''ਜੇ ਬਾਈਬਲ ਦੇ ਸਮੇਂ ਵਿਚ ਇੱਕੋ ਹੀ ਕਲੀਸੀਆ ਸੀ ਤਾਂ ਫਿਰ ਐਨੀਆਂ ਕਲੀਸੀਆਵਾਂ ਕਿੱਥੋਂ ਆ ਗਈਆਂ?'' ਜਾਂ ''ਐਨੀਆਂ ਡਿਨੋਮਿਨੇਸ਼ਨਾਂ ਕਿਉਂ ਹਨ?'' ਇਹਦਾ ਸਭ ਤੋਂ ਸੌਖਾ ਜਵਾਬ ਇਹ ਹੈ ਕਿ ਇਸ ਦੀ ਭਵਿੱਖਬਾਣੀ ਹੋਈ ਸੀ ਕਿ ਲੋਕ ਸਚਿਆਈ ਤੋਂ ਫਿਰ ਜਾਣਗੇ, ਅਤੇ ਉਵੇਂ ਹੀ ਹੋਇਆ ਵੀ। (ਪੜ੍ਹੋ ਰਸੂਲਾਂ ਦੇ ਕੰਮ 20:29, 30; 1 ਤਿਮੋਥਿਉਸ 4:1-3; 2 ਤਿਮੋਥਿਉਸ 4:1-4)। [2]ਅੰਗ੍ਰੇਜ਼ੀ ਦੇ ਕਿਸੇ ਵਾਕ ਜਾਂ ਸਿਰਲੇਖ (ਜਿਵੇਂ ਕਿਸੇ ਪਾਠ ਦੇ ਸਿਰਲੇਖ) ਵਿਚ ਪਹਿਲੇ ਸ਼ਬਦ ਦੇ ਰੂਪ ਵਿਚ ਵਰਤੇ ਜਾਣ ਤੇ ਛੋਟੇ 'c' ਨਾਲ ''church'' ਲਿਖਣਾ ਇਕ ਅਪਵਾਦ ਹੈ। [3]ਮੈਂ ਇਸ ਨੂੰ ਮੁੱਦਾ ਨਹੀਂ ਬਣਾਉਂਦਾ ਕਿਉਂਕਿ ਨਵੇਂ ਨੇਮ ਦੀਆਂ ਮੁਢਲੀਆਂ ਲਿਖਤਾਂ ਵਿਚ ਸਾਰੇ ਅੱਖਰ ਵੱਡੇ ਜਾਂ ਸਾਰੇ ਛੋਟੇ ਵਰਤੇ ਗਏ ਸਨ। [4]ਸੰਦਰਭ ਤੋਂ ਪਤਾ ਲਗਦਾ ਹੈ ਕਿ ਇਹ ਪ੍ਰਮੇਸ਼ਵਰ, ਪੁੱਤਰ ਹੈ। [5]''ਪਲੌਠਿਆਂ ਦੀ ਕਲੀਸੀਆ'' ਦਾ ਅਰਥ ਹੈ ਮਸੀਹੀ ਲੋਕਾਂ ਦੀ ਕਲੀਸੀਆ। [6]ਰੋਮੀਆਂ 16:16 ਦੀ ਸ਼ੁਰੂਆਤ ''ਤੁਸੀਂ ਪਵਿੱਤਰ ਚੁੰਮੇ ਨਾਲ ਇਕ ਦੂਜੇ ਦੀ ਸੁੱਖ ਸਾਂਦ ਪੁੱਛੋ'' (ਸਲਾਮ ਕਰੋ) ਨਾਲ ਹੁੰਦੀ ਹੈ। ਉਸ ਜ਼ਮਾਨੇ ਵਿਚ, ਆਦਮੀ ਆਦਮੀਆਂ ਨੂੰ ਚੁੰਮ ਕੇ ਅਤੇ ਔਰਤਾਂ ਔਰਤਾਂ ਨੂੰ ਚੁੰਮ ਕੇ ਸਲਾਮ ਆਖਦੀਆਂ ਸਨ (ਜਿਵੇਂ ਅੱਜ ਵੀ ਸੰਸਾਰ ਦੇ ਕਈ ਹਿੱਸਿਆਂ ਵਿਚ ਹੁੰਦਾ ਹੈ)। ਚੁੰਮ ਕੇ ਇਕ ਦੂਜੇ ਨੂੰ ਸਲਾਮ ਕਹਿਣ ਦਾ ਇਹ ਹੁਕਮ ਨਹੀਂ ਹੈ। ਜ਼ੋਰ ''ਪਵਿੱਤਰ'' ਸ਼ਬਦ ਉੱਤੇ ਹੈ: ਜਦ ਤੁਸੀਂ ਇਕ ਦੂਜੇ ਨੂੰ ਗਰਮਜੋਸ਼ੀ ਨਾਲ ਸਲਾਮ ਕਰਦੇ ਹੋ, ਤਾਂ *ਦਿਲੋਂ ਕਰੋ।* ਜਿੱਥੇ ਮੈਂ ਰਹਿੰਦਾ ਹਾਂ ਉੱਥੇ ਅਸੀਂ ਕਹਿ ਸਕਦੇ ਹਾਂ, ''ਇਕ ਦੂਜੇ ਨਾਲ *ਦਿਲੋਂ* ਹੱਥ ਮਿਲਾ ਕੇ ਸਲਾਮ ਕਰੋ।'' [7]ਯੂਨਾਨੀ ਲੋਕ ਆਮ ਤੌਰ ਤੇ ''ਇਸ *ਦਾ*'' ਜਾਂ ''ਉਸ *ਦਾ*'' ਵਰਤ ਕੇ ਮਲਕੀਅਤ ਹੋਣ ਦਾ ਸੰਦੇਸ਼ ਦਿੰਦੇ ਸਨ। [8]ਨਵੇਂ ਨੇਮ ਵਿਚ ''ਭਾਈ'' ਦਾ ਬਹੁਵਚਨ ''ਭਾਈਆਂ'' ਹੈ। [9]''ਸੰਤ'' ਸ਼ਬਦ ''ਪਵਿੱਤਰ ਕੀਤਾ'' ਵਰਗੇ ਮੂਲ ਯੂਨਾਨੀ ਸ਼ਬਦ ਤੋਂ ਹੀ ਲਿਆ ਗਿਆ ਹੈ। [10]ਇਹ *ਕਿਸੇ ਵੀ* ਲੀਡਰ ਦੇ ਪਿੱਛੇ ਚੱਲਣ ਵਾਲੇ ਲਈ ਕਿਹਾ ਜਾ ਸਕਦਾ ਹੈ। ਸੰਦਰਭ ਤੋਂ ਪਤਾ ਲਗਦਾ ਹੈ ਕਿ ਪੈਰੋਕਾਰ ਮਸੀਹ ਦਾ ਹੈ ਜਾਂ ਨਹੀਂ।

[11]''ਪੰਜਾਬੀਕਰਣ'' ਤੋਂ ਭਾਵ ਹੈ ਕਿ ਉਨ੍ਹਾਂ ਨੂੰ ਯੂਨਾਨੀ ਵਿੱਚੋਂ ਲੈ ਕੇ ਪੰਜਾਬੀ ਭਾਸ਼ਾ ਵਿਚ ਬਦਲ ਦਿੱਤਾ ਗਿਆ। [12]ਅਪੁੱਲੋਸ ਇਕ ਪ੍ਰਚਾਰਕ ਸੀ ਜਿਹਨੇ ਕੁਝ ਦੇਰ ਕੁਰਿੰਥੁਸ ਵਿਚ ਕੰਮ ਕੀਤਾ (ਜੋ ਅਖਾਯਾ ਵਿਚ ਸੀ)। (ਵੇਖੋ ਰਸੂਲਾਂ ਦੇ ਕੰਮ 18:27, 28)। [13]ਕੇਫ਼ਾਸ ਪਤਰਸ ਰਸੂਲ ਦਾ ਇਕ ਹੋਰ ਨਾਮ ਹੈ (ਯੂਹੰਨਾ 1:42)। [14]ਮਰਸਿਡੀਜ਼ ਬੈਂਜ਼ ਇਕ *ਬਹੁਤ* ਮਹਿੰਗੀ ਕਾਰ ਹੈ।